# ਗੁਰਮਤਿ ਕਾਵਿ
## ਪਿਛੋਕੜ, ਵਰਤਮਾਨ ਅਤੇ ਭਵਿੱਖ

ਡਾ. ਸਰਬਜੋਤ ਕੌਰ

# ਪਿਛੋਕੜ : ਸਿੱਧ-ਨਾਥ-ਜੋਗੀ

***ਸਿੱਧ ਮਾਰਗ*** ਗੁਰੂ ਦੀ ਅਗਵਾਈ ਵਿਚ ਅਨੁਭਵ ਗਿਆਨ ਦਾ ਮਾਰਗ

- ਦੰਭ ਅਤੇ ਪਖੰਡ ਵਿਰੋਧੀ
- ਸੰਜਮੀ ਜੀਵਨ

***ਨਾਥ - ਜੋਗ ਮਾਰਗ*** ਗ੍ਰਹਿਸਤੀ ਜੀਵਨ ਦੀ ਬਜਾਏ ਉਦਾਸੀ ਜੀਵਨ

ਦਾਮ ਕਾਢ ਬਾਘਣ ਲੈ ਆਇਆ ਮਾਉ ਕਹੈ ਮੇਰਾ ਪੁੱਤ ਬਿਆਹਿਆ

(ਗੋਰਖ ਨਾਥ)

- ਅਨੁਭਵ ਮਾਰਗ ਅਤੇ ਗੁਰੂ ਦੀ ਲੋੜ ਉਪਰ ਜ਼ੋਰ
- ਸਿੱਧ ਅਤੇ ਨਾਥ-ਜੋਗ ਮਾਰਗ ਦਾ ਦਾਰਸ਼ਨਿਕ ਢਾਂਚਾ ਇੱਕ, ਪਰ ਜੀਵਨ ਜੁਗਤ ਵਿਚ ਅੰਤਰ
- ਨਾਥ ਮਾਰਗ ਵਿਚ ਸੰਜਮੀ ਜੀਵਨ ਦੀ ਬਜਾਏ ਯੋਗ ਉੱਤੇ ਬਲ

# ਪਿਛੋਕੜ : ਸਿੱਧ-ਨਾਥ-ਜੋਗੀ

- ਗੁਰੂ, ਚੇਲਾ, ਸੁਰਤ ਸ਼ਬਦ, ਅਨਹਦ ਸ਼ਬਦ, ਦਸਮ ਦੁਆਰ ਆਦਿ ਸ਼ਬਦਾਂ ਦੀ ਵਰਤੋਂ
- ਸ਼ਲੋਕਾਂ, ਸ਼ਬਦਾਂ, ਪਦਿਆਂ ਅਤੇ ਦੋਹਿਆਂ ਵਿਚ ਰਚਨਾ
- ਗਉੜੀ, ਰਾਮਕਲੀ ਅਤੇ ਭੈਰਉ ਮਨਪਸੰਦ ਰਾਗ
- ਅਲੰਕਾਰਾਂ, ਚਿੰਨ੍ਹਾਂ ਅਤੇ ਪ੍ਰਤੀਕਾਂ ਰਾਹੀਂ ਵਿਚਾਰਾਂ ਦਾ ਪ੍ਰਗਟਾ

# ਪਿਛੋਕੜ : ਭਗਤੀ ਕਾਵਿ

- ਆਰੰਭ ਦ੍ਰਾਵਿੜ ਵਿਚ

  ਭਗਤੀ ਦ੍ਰਾਵਿੜ ਉਪਜੀ ਲਾਏ ਰਾਮਾਨੰਦ
  ਪ੍ਰਗਟ ਕੀਆ ਕਬੀਰ ਨੇ ਸਪਤ ਦੀਪ ਨਵਖੰਡ

- ਦੋ ਮੁੱਖ ਭੇਦ :
  - ਸਰਗੁਣ : ਰਾਮ ਭਗਤੀ ਤੇ ਕ੍ਰਿਸ਼ਨ ਭਗਤੀ
  - ਨਿਰਗੁਣ : ਅਵਤਾਰਵਾਦ, ਮੂਰਤੀਵਾਦ ਵਿਰੋਧੀ
  - ਨਿਰਾਕਾਰ ਤੇ ਅਰੂਪ ਬ੍ਰਹਮ ਵਿਚ ਵਿਸ਼ਵਾਸ਼
- ਭਗਤ ਨਾਮਦੇਵ:

  ਬੇਧੀਅਲੇ ਗੋਪਾਲ ਗੁਸਾਈ॥
  ਮੇਰਾ ਪ੍ਰਭੁ ਰਵਿਆ ਸਰਬੇ ਠਾਈ॥

- ਭਗਤ ਕਬੀਰ:

  ਕਹਿ ਕਬੀਰ ਅਬ ਜਾਨਿਆ ਸੰਤਨ ਰਿਦੈ ਮਝਾਰਿ॥
  ਸੇਵਕ ਸੋ ਸੇਵਾ ਭਲੇ ਜਿਹ ਘਟ ਬਸੈ ਮੁਰਾਰਿ॥

# ਕਮੀਆਂ

- ਨਾਥ ਜੋਗ ਸਿੱਧ ਮਾਰਗ ਨਾਲ ਸਮਾਜ ਦੀ ਹੋਂਦ ਨੂੰ ਖਤਰਾ
- ਇਹ ਮਾਰਗ ਕੇਵਲ ਮਰਦਾਂ ਲਈ।
- ਔਖਾ ਮਾਰਗ-ਸਰੀਰਕ ਕਸ਼ਟ, ਮੁਸ਼ਕਲ ਆਸਣ
- ਇੰਦਰੀਆਂ ਨੂੰ ਵਸ ਵਿਚ ਕਰਨ ਲਈ ਜੰਗਲਾਂ ਵਿਚ ਵਾਸਾ
- ਕਰਮ ਕਾਂਡਾਂ ਦੀ ਮਹਾਨਤਾ

# ਕਮੀਆਂ

- ਪਰਲੋਕ ਉਤੇ ਕੇਂਦ੍ਰਿਤ ਅਤੇ ਇਸ ਲੋਕ ਪ੍ਰਤੀ ਨਿੰਦਾਤਮਿਕ ਦ੍ਰਿਸ਼ੀਟੀਕੋਣ
- ਸਰਗੁਣ ਭਗਤੀ ਨਾਲ ਵੱਖ ਵੱਖ ਫਿਰਕੇ
- ਮੂਰਤੀ ਪੂਜਾ ਜ਼ੋਰਾਂ ਨਾਲ
- ਬ੍ਰਾਹਮਣ ਦੀ ਸਰਦਾਰੀ ਕਾਰਨ ਨੀਵੀਆਂ ਜਾਤਾਂ ਨਾਲ ਦੁਰਵਿਵਹਾਰ

# ਸਾਮੀ ਪਰੰਪਰਾ

- ਇਸਲਾਮ ਦੇ ਪ੍ਰਵੇਸ਼ ਨਾਲ ਸਾਮੀ ਸਭਿਆਚਾਰ ਦਾ ਪ੍ਰਵੇਸ਼
- ਸਾਮੀ ਸਭਿਆਚਾਰ ਵਿਚ ਇਸਲਾਮ, ਯਹੂਦੀ ਅਤੇ ਇਸਾਈ ਵਿਰਸੇ ਦਾ ਸਮਵੈ
- ਭਾਰਤੀ ਅਤੇ ਸਾਮੀ ਸਭਿਆਚਾਰਾਂ ਵਿਚ ਟਕਰਾਉ ਤੇ ਤਣਾਉ ਦੀ ਸਥਿਤੀ
- ਇਸਲਾਮ ਬਹੁਦੇਵਵਾਦ ਅਤੇ ਮੂਰਤੀ ਪੂਜਾ ਵਿਰੋਧੀ
- ਇਸਲਾਮ ਦਾ ਰੱਬ ਸੱਤਵੇਂ ਅਸਮਾਨ ਅਤੇ ਨਿਰਗੁਣਵਾਦੀਆਂ ਦਾ ਸਰਬ ਵਿਆਪੀ
- ਗੈਰ ਮੁਸਲਿਮ ਪਰਜਾ ਨੂੰ ਅਨੇਕਾਂ ਤਸੀਹਿਆਂ ਦਾ ਸਾਹਮਣਾ

# ਗੁਰਮਤਿ ਕਾਵਿ

- ਵੈਦਿਕ, ਅਵੈਦਿਕ ਅਤੇ ਇਸਲਾਮੀ ਧਰਮ ਚਿੰਤਨ ਨਾਲ ਸੰਵਾਦ
- ਗੁਰਮਤਿ = ਗੁਰੂ ਦੀ ਮਤਿ, ਜੀਵਨ ਦਰਸ਼ਨ, ਸਿੱਧਾਂਤ
- ਕਾਵਿ = ਸਾਹਿੱਤਕਤਾ, ਸਾਹਿਤਕ ਗੁਣ ਜਾਂ ਵਿਸ਼ੇਸ਼ਤਾਵਾਂ
- ਧਰਮ ਅਤੇ ਕਾਵਿ ਦੋਹਾਂ ਨਾਲ ਸਬੰਧ
- ਅਧਿਐਨ ਦੋਹਾਂ ਬਿੰਦੂਆਂ ਤੋਂ : ਪਾਵਨ ਪਾਠ ਅਤੇ ਸਾਹਿਤਕ ਕਿਰਤ

# ਗੁਰਮਤਿ ਕਾਵਿ

- ਲੌਕਿਕ ਕਵਿਤਾ ਨਾਲੋਂ ਵੱਖਰਾ
- ਗੀਤ ਦੀ ਬਜਾਏ ਬ੍ਰਹਮ ਬੀਚਾਰ - ਕਵਿਤਾ ਦੀ ਬਜਾਏ ਧੁਰ ਕੀ ਬਾਣੀ
- ਗੁਰਬਾਣੀ ਇੱਕ ਪਾਵਨ ਪਾਠ - ਪੜ੍ਹਨ ਤੇ ਵਾਚਨ ਦੇ ਆਪਣੇ ਪ੍ਰਤਿਮਾਨ
- ਬਹੁ ਭਾਸ਼ੀ ਤੇ ਬਹੁ ਖੇਤਰੀ ਚਰਿੱਤਰ ਦਾ ਧਾਰਨੀ
- ਸਮੁੱਚੇ ਭਾਰਤੀ ਸਾਹਿੱਤ-ਸਭਿਆਚਾਰ ਦੀ ਗੌਰਵਮਈ ਵਿਰਾਸਤ

# ਗੁਰਮਤਿ ਕਾਵਿ

- ਮੋਢੀ ਗੁਰੂ ਨਾਨਕ ਦੇਵ ਜੀ
- ਦਰਸ਼ਨ ਦਾ ਆਧਾਰ ਗੁਰੂ ਗ੍ਰੰਥ ਸਾਹਿਬ
- ਗੁਰੂ ਗ੍ਰੰਥ ਸਾਹਿਬ ਵਿਚ ਭਗਤ ਜੈਦੇਵ ਅਤੇ ਬਾਬਾ ਫਰੀਦ ਦੀ ਬਾਣੀ ਹੋਣ ਕਾਰਨ ਇਸ ਕਾਵਿ ਧਾਰਾ ਦਾ ਸਮਾਂ ੧੨ਵੀਂ ਤੋਂ ੧੭ਵੀਂ ਸਦੀ
- ੬ ਗੁਰੂ ਸਾਹਿਬਾਨ, ੧੫ ਭਗਤਾਂ, ੪ ਸਿੱਖਾਂ ਅਤੇ ੧੧ ਭੱਟਾਂ ਦੀ ਬਾਣੀ

# ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੇ ਕਵੀ

- ਭਾਈ ਗੁਰਦਾਸ : ੩੯ ਵਾਰਾਂ ਅਤੇ ੬੦੦ ਤੋਂ ਵੱਧ ਕਬਿੱਤ
- ਵਾਰਾਂ ਪੰਜਾਬੀ ਵਿਚ ਅਤੇ ਕਬਿੱਤ ਬ੍ਰਜ ਭਾਸ਼ਾ ਵਿਚ
- ਦੋਹਾਂ ਵਿੱਚ ਸਿੱਖ ਮੱਤ ਦੀ ਵਿਆਖਿਆ
- ਸਾਰੀ ਰਚਨਾ ਵਿਆਖਿਆਮਈ ਅਤੇ ਬਿਆਨੀਆ
- ਇਤਿਹਾਸ ਮਿਥਿਹਾਸ ਦੀ ਪੂਰੀ ਜਾਣਕਾਰੀ
- ਗੁਰਮਤਿ ਕਾਵਿ ਵਿਚ ਸਭ ਤੋਂ ਵਧੇਰੇ ਵਾਰਾਂ ਲਿਖਣ ਵਾਲੇ ਕਵੀ
- ਭਾਸ਼ਾ ਸਰਲ
- ਗੁਰਬਾਣੀ ਦੀ ਕੁੰਜੀ ਦਾ ਦਰਜਾ

# ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੇ ਕਵੀ

- ਗੁਰੂ ਗੋਬਿੰਦ ਸਿੰਘ ਜੀ : ਬਹੁਤੀ ਰਚਨਾ ਗੈਰ ਪੰਜਾਬੀ ਰੰਗਤ ਵਾਲੀ
- ਪੰਜਾਬੀ ਵਿਚ ਇੱਕ ਸ਼ਬਦ (ਮਿਤ੍ਰ ਪਿਆਰੇ ਨੂੰ) ਅਤੇ ਚੰਡੀ ਦੀ ਵਾਰ
- ਬ੍ਰਜ, ਹਿੰਦੀ, ਫ਼ਾਰਸੀ, ਸੰਸਕ੍ਰਿਤ, ਪੰਜਾਬੀ ਆਦਿ ਭਾਸ਼ਾਵਾਂ ਦੇ ਮਹਾਨ ਵਿਦਵਾਨ
- 'ਆਦਿ ਗ੍ਰੰਥ' ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕੀਤੀ
- ਗੁਰੂ ਨਾਨਕ ਦੇ ਸ਼ਬਦ ਗੁਰੂ ਦੇ ਸਿੱਧਾਂਤ ਦੀ ਪ੍ਰੋੜ੍ਹਤਾ
- 'ਆਦਿ ਗ੍ਰੰਥ' ਨੂੰ ਸਰਬ ਸਮਿਆਂ ਲਈ ਗੁਰੂ ਦਾ ਦਰਜਾ

# ਗੁਰੂ ਗੋਬਿੰਦ ਸਿੰਘ ਜੀ

- ੧੬੮੫ ਤੋਂ ੧੬੮੯ ਤੱਕ ਪਾਉਂਟਾ ਸਾਹਿਬ ਸਾਹਿਤ ਰਚਨਾ ਦਾ ਕੇਂਦਰ
- ੧੬੮੯ ਤੋਂ ੧੬੯੯ ਤੱਕ ਅਨੰਦਪੁਰ ਸਾਹਿਬ ਉੱਤਰੀ ਭਾਰਤ ਦਾ ਸਾਹਿਤ ਕੇਂਦਰ

ਸ੍ਰੀ ਕਲਗੀਧਰ ਅਨੰਦਪੁਰ ਬਿਲਦਤ ਬਹੁਤ ਬਿਲਾਸ
ਜਿਤ ਜਿਤ ਤੇ ਬਹੁ ਗੁਣੀ ਨਰ ਸੁਨਿ ਜਸ ਆਵਤ ਪਾਸ

- ਪ੍ਰਸਿੱਧ ਹੈ ਕਿ ਗੁਰੂ ਦਰਬਾਰ ਵਿਚ ੫੨ ਕਵੀ, ੩੬ ਲਿਖਾਰੀ ਲਗਾਤਾਰ ਸਾਹਿੱਤਕ ਕਾਰਜਾਂ ਵਿਚ
- ਚਾਰ ਲਿਖਾਰੀ ਨਿਰੋਲ ਗੁਰੂ ਗ੍ਰੰਥ ਸਾਹਿਬ ਦੇ ਸਵੱਛ ਉਤਾਰਿਆਂ ਲਈ

# ਦਸਮ ਗੁਰੂ ਤੋਂ ਬਾਅਦ ਦਾ ਗੁਰਮਤਿ ਸਾਹਿਤ

- ਨਿਰਮਲੇ, ਗਿਆਨੀ, ਉਦਾਸੀ ਸੰਪ੍ਰਦਾਇ
- ਰਹਿਤਨਾਮੇ, ਤਨਖਾਹਨਾਮੇ, ਪ੍ਰਸ਼ਨ ਉੱਤਰ ਆਦਿ

ਨੰਦ ਲਾਲ ਤੁਮ ਬਚ ਸੁਨੋ ਸਿਖ ਕਰਮ ਹੈ ਏਹ

ਨਾਮ ਦਾਨ ਇਸ਼ਨਾਨ ਬਿਨ ਕਰੇ ਨ ਅਨ ਸਿਉ ਨੇਹ

# ਵਾਰਤਕ

- ਜਨਮ ਸਾਖੀਆਂ
- ਗੋਸ਼ਟਾਂ
- ਟੀਕੇ
- ਹੁਕਮਨਾਮੇ
- ਅਨੁਵਾਦ
- ਸਾਖੀਆਂ ਆਦਿ

# ਮੁੱਢਲੀਆਂ ਵਿਸ਼ੇਸ਼ਤਾਵਾਂ

- ਗੁਰਬਾਣੀ ਮਨੁੱਖੀ ਜੀਵਨ ਦੇ ਯਥਾਰਥ ਨੂੰ ਪਰਮਾਰਥ ਦੇ ਨੁਕਤੇ ਤੋਂ ਪ੍ਰਭਾਸ਼ਿਤ ਕਰਦੀ ਹੈ
- ਸਮਾਜਿਕ, ਇਤਿਹਾਸਕ, ਸਭਿਆਚਾਰਕ ਹਕੀਕਤ ਨੂੰ ਸਾਹਮਣੇ ਰੱਖ ਕੇ ਰੂਹਾਨੀ ਸੰਦੇਸ਼
- ਕ੍ਰਾਂਤੀਕਾਰੀ ਪ੍ਰਵਚਨ
- ਪ੍ਰਚਲਤ ਕਰਮਕਾਂਡਾਂ, ਧਾਰਮਿਕ ਵਿਤਕਰਿਆਂ, ਆਰਥਿਕ ਸ਼ੋਸ਼ਣ, ਸਮਾਜਿਕ ਅਨਿਆਂ ਦਾ ਵਿਰੋਧ,
- ਦਲਿਤ ਚੇਤਨਾ ਅਤੇ ਮਾਨਵ ਮੁਕਤੀ ਦਾ ਪ੍ਰਵਚਨ

# ਗੁਰਮਤਿ ਦਾ ਕਾਵਿ ਸ਼ਾਸ਼ਤਰ

- ਗੁਰਬਾਣੀ ਕਵਿਤਾ ਪ੍ਰਤੀਤ ਹੁੰਦੀ ਹੈ ਪਰ ਸਧਾਰਨ ਕਵਿਤਾ ਨਾਲੋਂ ਭਿੰਨ ਤੇ ਵਿਲੱਖਣ
- ਧਾਰਮਿਕਤਾ ਤੇ ਕਾਵਿਕਤਾ ਦਾ ਸੁਮੇਲ
- ਗੁਰਬਾਣੀ ਦਾ ਵਾਯੂਮੰਡਲ ਸ਼ਰਧਾ ਤੇ ਵਿਸ਼ਵਾਸ਼ ਦਾ
- ਅਧਿਆਤਮਕ ਚਿੰਤਨ ਦਾ ਪ੍ਰੇਰਨਾ ਸਰੋਤ ਅਤੇ ਨੈਤਿਕ ਅਗਵਾਈ ਦਾ ਸਦੀਵੀ ਸੋਮਾ
- ਗੁਰਬਾਣੀ ਇੱਕ ਪਾਵਨ ਵਸਤੂ-ਪੇਸ਼ਕਾਰੀ ਸ਼ਾਇਰੀ ਅਤੇ ਸੰਗੀਤ ਰਾਹੀਂ
- ਸਮਾਜਿਕ ਰਿਸ਼ਤਿਆਂ, ਸੰਸਥਾਵਾਂ (ਪਰਿਵਾਰ) ਰੀਤੀ ਰਿਵਾਜਾਂ, ਪ੍ਰਾਕ੍ਰਿਤਕ ਮਾਹੌਲ (ਰੁੱਤਾਂ) ਆਦਿ ਚਿੰਨ੍ਹਾਂ ਰਾਹੀ ਰੂਹਾਨੀ ਸੰਦੇਸ਼

# ਗੁਰਮਤਿ ਦਾ ਕਾਵਿ ਸ਼ਾਸ਼ਤਰ

- ਵਿਚਾਰਾਂ ਦਾ ਪ੍ਰਗਟਾ ਵਿਰੋਧੀ ਜੁੱਟਾਂ ਰਾਹੀਂ

  ਬ੍ਰਹਮ--------ਜੀਵ/ਜਗਤ

  ਸੱਚ---------ਕੂੜ

  ਗੁਰੂ---------ਮਨ

  ਗੁਰਮੁਖ-------ਮਨਮੁੱਖ

  ਸਚਿਆਰ----ਕੂੜਿਆਰ

  ਇਹਲੋਕ------ਪਰਲੋਕ

- ਰਹਾਉ ਦਾ ਸੰਕਲਪ
- ਸਾਰੀ ਬਾਣੀ ‘ਨਾਨਕ’ ਨਾਮ ਅਧੀਨ
- ਲੋਕ ਕਾਵਿ ਰੂਪਾਂ ਦੀ ਵਰਤੋਂ

# ਆਧੁਨਿਕ ਕਾਲ

- ਸਿੰਘ ਸਭਾ ਲਹਿਰ ਦੀ ਉਪਜ ਗੁਰਮਤਿ ਦੇ ਵਿਆਖਿਆਕਾਰ:

  ਭਾਈ ਵੀਰ ਸਿੰਘ

  ਪ੍ਰੋ. ਗੁਰਮੁਖ ਸਿੰਘ

  ਗਿਆਨੀ ਦਿੱਤ ਸਿੰਘ

  ਡਾ. ਚਰਨ ਸਿੰਘ

  ਭਾਈ ਕਾਨ੍ਹ ਸਿੰਘ ਨਾਭਾ ਆਦਿ

# ਆਧੁਨਿਕ ਕਾਲ

- ਗੁਰਮਤਿ ਸਿਧਾਂਤਾਂ ਦੇ ਹੋਰ ਪ੍ਰਮੁੱਖ ਵਿਆਖਿਆਕਾਰ:

ਪ੍ਰੋ.ਪੂਰਨ ਸਿੰਘ

ਪ੍ਰੀਤਮ ਸਿੰਘ ਸਫ਼ੀਰ

ਜਸਵੰਤ ਸਿੰਘ ਨੇਕੀ

ਪ੍ਰੋ. ਸਾਹਿਬ ਸਿੰਘ

ਪ੍ਰਿੰ ਤੇਜਾ ਸਿੰਘ

ਪ੍ਰਿੰ. ਹਰਭਜਨ ਸਿੰਘ ਆਦਿ

# ਵਰਤਮਾਨ ਸਮਾਂ

- ਕਈ ਗੁਰਮਤਿ ਰਸਾਲੇ
- ਸੈਮੀਨਾਰ
- ਕਾਰਜਸ਼ਾਲਾਵਾਂ
- ਰਚਨਾਤਮਿਕ ਮੁਕਾਬਲੇ
- ਯੂਨੀਵਰਸਿਟੀਆਂ ਵਿਚ ਗੁਰਮਤਿ ਸਬੰਧੀ ਗੰਭੀਰ ਅਧਿਐਨ
- ਗੁਰਮਤਿ ਕਾਲਜ ਅਤੇ ਗੁਰਮਤਿ ਪ੍ਰਚਾਰ ਨੂੰ ਸਮਰਪਿਤ ਸੰਸਥਾਵਾਂ
- ਕਥਾ ਪ੍ਰਣਾਲੀ

# ਭਵਿੱਖ

- ਉੱਜਲ ਭਵਿੱਖ
- ਨੌਂਜੁਆਨ ਲੇਖਕ - ਇਕ ਆਸ਼ਾਵਾਦੀ ਚਿੰਨ੍ਹ

# ਭਵਿੱਖ ਵਿਚ ਕੀਤੇ ਜਾਣ ਵਾਲੇ ਉਪਰਾਲੇ

- ਪੰਥਕ ਲੇਖਕਾਂ ਦਾ ਸਨਮਾਨ
- ਲੇਖਕ ਕਾਰਜਸ਼ਾਲਾਵਾਂ ਵਿਚ ਵਾਧਾ
- ਨੌਜੁਆਨਾਂ ਨੂੰ ਗੁਰਮਤਿ ਦਰਸ਼ਨ ਦੀ ਸੂਝ
- ਰੋਲ ਮਾਡਲ ਗੁਰਸਿੱਖ